39

ਅਕਤੂਬਰ-ਦਸੰਬਰ 2013

# ਪ੍ਰਤਿਮਾਨ

ਮੁੱਲ-25/-



# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਕਤੂਬਰ-ਦਸੰਬਰ 2013

ISSN: 2277-9930

RNI No. PUNPUN / 2006 /16230

**ਸੰਪਾਦਕ (ਆਨਰੇਰੀ)**

ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ



**ਚਿੱਠੀ-ਪੱਤਰ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
ਫੋਨ: 098142-31698
E-mail: pratimaan@yahoo.co.in



**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਗਗਨਦੀਪ ਸਿੰਘ
ਰਾਬੀਆ ਕੰਪਿਊਟਰਜ਼, ਪਟਿਆਲਾ।
98882-92825

**ਟਾਈਟਲ**

ਕੁੰਵਰ ਰਵਿੰਦਰਾ
Kunwar Ravindra





**ਸਹਿਯੋਗ ਰਾਸ਼ੀ**

ਇੱਕ ਅੰਕ: 25/-, ਵੀਹ ਅੰਕ: 500/-
ਵਿਦੇਸ਼: 40 ਪੌਂਡ ਜਾਂ 70 ਅਮਰੀਕਨ ਡਾਲਰ
ਜੀਵਨ ਮੈਂਬਰਸ਼ਿਪ:
ਦੋ ਹਜ਼ਾਰ ਰੁਪਏ, ਵਿਦੇਸ਼: ਪੰਜ ਹਜ਼ਾਰ ਰੁਪਏ
80 ਪੌਂਡ / 150 ਅਮਰੀਕਨ ਡਾਲਰ

**ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ**

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

**Hon. Editor : Dr. Amarjeet Kaunke**


ਮੇਰੀ ਮਾਂਗੀ ਹਰ ਦੁਆ ਬੇਕਾਰ ਗਈ ਫਰਾਜ਼,
ਨਾ ਜਾਨੇ ਕਿਸ ਸ਼ਖਸ ਨੇ ਚਾਹਾ ਥਾ ਉਸੇ ਇਤਨੀ ਸ਼ਿੱਦਤ ਕੇ ਸਾਥ।
– ਅਹਿਮਦ ਫਰਾਜ਼

## ਤਰਤੀਬ


**o ਸੰਪਾਦਕੀ**
ਅਜੋਕੇ ਸਮਾਜ ਦੀ ਦਸ਼ਾ / 2

**o ਵਿਸ਼ੇਸ਼ ਲੇਖ**
ਅਜੋਕੇ ਪੰਜਾਬ ਦੀ ਹੋਣੀ / ਡਾ. ਭੁਪਿੰਦਰ ਕੌਰ / 6

**o ਸਿਰਜਣ ਪ੍ਰਕਿਰਿਆ**
ਮੇਰੇ ਨਾਵਲਾਂ ਦਾ ਸਿਰਜਣਾਤਮਕ ਆਧਾਰ ਤੇ ਵਿਚਾਰਧਾਰਕ ਪਿੱਠਭੂਮੀ / ਬਲਵੀਰ ਪਰਵਾਨਾ / 16

**o ਕਵੀ ਤੇ ਕਵਿਤਾ**
ਪਾਸ਼ ਦੀਆਂ ਕਵਿਤਾਵਾਂ / 24-25

**o ਅਨੁਵਾਦ**
ਹਿੰਦੀ ਕਵਿਤਾਵਾਂ / ਆਤਮਾ ਰੰਜਨ / 4, ਆਸ਼ਾ ਪਾਂਡੇ ਓਝਾ / 5, ਅਨੁ. ਅਮਰਜੀਤ ਕੌਂਕੇ
ਹਿੰਦੀ ਕਹਾਣੀਆਂ / ਰੇਪ ਮਾਰਕੀਟ / ਗੁਲਜ਼ਾਰ / 30 / ਅਨੁ. ਕਿਰਪਾਲ ਕਜ਼ਾਕ॥
ਅੰਤਰਮੁਖੀ ਅਤੇ ਬਾਹਰਮੁਖੀ ਵਿਸ਼ਲੇਸ਼ਣ: ਐੱਫ.ਦ.ਸਸਿਊਰ / ਅਨੁ. ਡਾ. ਹਰਬੰਸ ਧੀਮਾਨ

**o ਵਾਤਾਵਰਣ**
ਪਰਾਲੀ ਦਾ ਯੋਗ ਨਿਪਟਾਰਾ / ਡਾ. ਚਰਨਜੀਤ ਸਿੰਘ ਨਾਭਾ / 39

**o ਕਹਾਣੀਆਂ**
ਅਧੂਰੀ ਗੱਲ / ਲਖਵੀਰ ਚੰਦ / 12, ਨਵੇਂ ਸੱਭਿਆਚਾਰ / ਅਸ਼ਵਨੀ ਕੁਮਾਰ ਸਾਵਨ / 35,

**o ਕਵਿਤਾਵਾਂ / ਗ਼ਜ਼ਲਾਂ / ਗੀਤ**
ਰਵਿੰਦਰ ਸੈਣੀ / ਟੀ-2, ਗੁਰਦੀਪ ਗਿੱਲ / 8, ਮਹਿੰਦਰ ਸਾਥੀ / 9, ਅਮਰਜੀਤ ਘੁੰਮਣ / 10, ਸੁਰਜੀਤ ਬਰਾੜ, ਪ੍ਰਸ਼ੋਤਮ ਪੱਤੋ / 11, ਸਤਵੰਤ ਕਲੋਟੀ / 18, ਸਿਰੀ ਰਾਮ ਅਰਸ਼, ਸੁਰਜੀਤ ਸਿੰਘ ਕਾਉਂਕੇ / 23, ਸਤਨਾਮ ਚੌਹਾਨ, ਡਾ. ਨਵਜੀਤ / 26, ਪਿਆਰਾ ਸਿੰਘ ਗੁਰਨੇ, ਭੁਪਿੰਦਰ ਚਾਹਲ / 29, ਸੁਰਿੰਦਰ ਪ੍ਰੀਤ ਘਣੀਆ / 33, ਮੋਹਨ ਤਿਆਗੀ / 34, ਰਣਜੀਤ ਸਰਾਂਵਾਲੀ, ਸ਼ਵਿੰਦਰ ਭੱਟੀ / 38

**o ਖੋਜ ਪੱਤਰ / ਪੁਸਤਕ ਰੀਵਿਊ**
ਸਿੱਠਣੀਆਂ ਵਿੱਚ ਇਸਤਰੀ ਪਾਤਰ / ਸੁਖਵਿੰਦਰ ਕੌਰ / 27, ਏਹੁ ਹਮਾਰਾ ਜੀਵਣਾ: ਵਸਤ ਤੇ ਵਿਧੀ / ਡਾ. ਰਮਨਪ੍ਰੀਤ ਕੌਰ / 47, ਪੰਜਾਬ ਦੀ ਕਿਰਸਾਨੀ: ਇਤਿਹਾਸ ਤੇ ਦਸ਼ਾ / ਪ੍ਰੋ. ਗੁਰਪ੍ਰੀਤ ਸਿੰਘ / 41, ਪੰਜਾਬੀ ਸੂਫੀ ਕਾਵਿ ਵਿੱਚ ਇਸ਼ਕ ਹਕੀਕੀ / ਦਲਜੀਤ ਕੌਰ / 44


**ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।**


* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।
ਆਨਰੇਰੀ ਸੰਪਾਦਕ : ਅਮਰਜੀਤ ਕੌਂਕੇ RNI No. PUNPUN / 2006 / 16230

# ਪੰਜਾਬ ਦੀ ਕਿਸਾਨੀ: ਇਤਿਹਾਸ ਅਤੇ ਦਸ਼ਾ / ਗੁਰਪ੍ਰੀਤ ਸਿੰਘ

ਅੱਜ ਜਦੋਂ ਅਸੀਂ ਕਿਸਾਨ ਸ਼ਬਦ ਬਾਰੇ ਸੁਣਦੇ ਹਾਂ ਤਾਂ ਸਾਡੀ ਮਾਨਸਿਕਤਾ ਵਿਚ ਇਕ ਅਜਿਹੇ ਵਿਅਕਤੀ ਦੀ ਤਸਵੀਰ ਸਾਕਾਰ ਹੋ ਜਾਂਦੀ ਹੈ ਜੋ ਸਮਕਾਲੀ ਸਮੇਂ ਦੌਰਾਨ ਨਿਘਾਰ ਦੀ ਅਵਸਥਾ ਵਲ ਨਿਰੰਤਰ ਵਧਦਾ ਜਾ ਰਿਹਾ ਹੈ ਜੇਕਰ ਉਸਦੀ ਇਸ ਪਤਨਮਈ ਅਵਸਥਾ ਦਾ ਲੇਖਾ ਜੋਖਾ ਕਰੀਏ ਤਾਂ ਮੇਰੀ ਦ੍ਰਿਸ਼ਟੀ ਅਨੁਸਾਰ ਪੰਜ 'ਕ' ਇਸਦੇ ਜ਼ਿੰਮੇਵਾਰ ਠਹਿਰਾਏ ਜਾ ਸਕਦੇ ਹਨ ਜਿਨ੍ਹਾਂ ਨੂੰ ਕ੍ਰਮਵਾਰ ਅਸੀਂ ਕਰਜ਼ਾ, ਕਲਚਰ, ਕਬੀਲਦਾਰੀ, ਕਾਨੂੰਨ ਅਤੇ ਕੁਦਰਤ ਦੇ ਰੂਪ ਵਿਚ ਪਰਿਭਾਸ਼ਿਤ ਕਰ ਸਕਦੇ ਹਾਂ। ਇਹਨਾ ਪੰਜ 'ਕ' ਦਾ ਮਾਰਿਆ ਕਿਸਾਨ ਅੱਜ ਆਤਮਹੱਤਿਆ ਦੇ ਰਸਤੇ ਨੂੰ ਅਪਣਾਉਂਦਾ ਜਾ ਰਿਹਾ ਹੈ। ਅੱਜ ਦੇ ਉਪਭੋਗੀ ਕਲਚਰ ਵਿਚ ਸਾਧਨਾ ਦੀ ਘਾਟ ਅਤੇ ਵਸਤਾਂ ਦੀ ਉਪਲੱਬਧਤਾ ਨੇ ਉਸਦੇ ਜਜ਼ਬੇ ਨੂੰ ਐਨਾ ਕਮਜ਼ੋਰ ਕਰ ਦਿੱਤਾ ਹੈ ਕਿ ਉਹ ਆਪਣੇ ਮਿਹਨਤੀ ਸੁਭਾ ਨੂੰ ਤਿਆਗ ਕੇ ਆਤਮਹੱਤਿਆ ਨੂੰ ਤਰਜੀਹ ਦਿੰਦਾ ਹੈ।

ਮੁਢ ਤੋਂ ਹੀ ਪੰਜਾਬ ਦੀ ਆਰਥਿਕਤਾ ਦਾ ਮੂਲ ਆਧਾਰ ਖੇਤੀ ਰਹੀ ਹੈ। 'ਭਾਰਤ ਵਿਚ ਸਭ ਤੋਂ ਮੁੱਢਲੀਆਂ ਮਨੁੱਖੀ ਸਰਗਰਮੀਆਂ ਦੇ ਸੰਕੇਤ ਲਗਭਗ 4,00,000 ਅਤੇ 2,00,000 ਵਰ੍ਹੇ ਪੁਰਾਣੇ ਹਨ ਜਿਨ੍ਹਾ ਅਨੁਸਾਰ ਪੱਥਰਾਂ ਦੇ ਔਜ਼ਾਰਾਂ ਦੀ ਵਰਤੋਂ ਦੇ ਸਬੂਤ ਮਿਲਦੇ ਹਨ।[1] ਧਾਤ ਕਾਲ ਤੱਕ ਭਾਰਤ ਦੀ ਖੇਤੀ ਵਿਚ ਕਾਫੀ ਵਿਕਾਸ ਹੋ ਚੁਕਿਆ ਸੀ। ਇਸ ਸਮੇਂ ਲੋਕਾਂ ਦਾ ਮੁੱਖ ਧੰਦਾ ਖੇਤੀ ਹੀ ਸੀ। ਇਹ ਲੋਕ ਲੋੜ ਤੋਂ ਜ਼ਿਆਦਾ ਖੇਤੀ ਦੀ ਉਪਜ ਪੈਦਾ ਕਰਦੇ ਸਨ। ਜਿਸਨੂੰ ਵਪਾਰ ਦੁਆਰਾ ਵੇਚਕੇ ਇਹ ਲੋਕ ਸੋਨਾ, ਚਾਂਦੀ, ਅਤੇ ਹੋਰ ਸੁਹਜਮਈ ਵਸਤਾਂ ਖਰੀਦਦੇ ਸਨ। ਫਿਰ ਸਿੰਧ ਘਾਟੀ ਦੀ ਪਤਨਮੁਖਤਾ ਤੋ ਬਾਅਦ ਪੰਜਾਬ ਵਿਚ ਇਕ ਅਜਿਹੀ ਜਾਤੀ ਦੀ ਆਮਦ ਹੋਈ ਜਿਸਨੇ ਖੇਤੀ ਖੇਤਰ ਵਿਚ ਵਿਕਾਸ ਦੀਆਂ ਹੈਰਾਨ ਕਰਨ ਵਾਲੀਆਂ ਉੱਚਾਈਆਂ ਨੂੰਜ਼ਛੂਹਿਆ। ਇਹ ਜਾਤੀ ਭਾਰਤੀ ਆਰੀਆ ਦੀ ਸੀ। ਆਰੀਆ ਦਾ ਮੁੱਖ ਧੰਦਾ ਖੇਤੀ ਸੀ ਵੈਸੇ ਵੀ ਆਰੀਆ ਸ਼ਬਦ ਦਾ ਅਰਥ ਹੀ ਹਲ ਵਾਹੁਣਾ ਹੁੰਦਾ ਹੈ 'ਇਹ ਲੋਕ ਹਲ ਵਾਹੁਣ ਵਾਲੇ ਸਨ ਇਸ ਲਈ ਇਨ੍ਹਾਂ ਨੂੰ ਆਰੀਆ ਆਖਿਆ ਜਾਂਦਾ ਸੀ।'[2] ਆਰੀਆ ਲੋਕ ਖੇਤੀ ਔਜਾਰਾਂ ਦੀ ਮਦਦ ਨਾਲ ਭੋਇੰ ਨੂੰ ਵਾਹੁੰਦੇ ਸਨ। ਸਾਲ ਵਿਚ ਦੋ ਫਸਲਾਂ ਉਗਾਈਆਂ ਜਾਂਦੀਆਂ ਸਨ ਅਤੇ ਸਿੰਚਾਈ ਦਾ ਪੂਰਾ ਪ੍ਰਬੰਧ ਹੁੰਦਾ ਸੀ।

ਆਪਣੀ ਭੂਗੋਲਿਕ ਸਥਿਤੀ ਕਰਕੇ ਪੰਜਾਬ ਹਮੇਸ਼ਾ ਹੀ ਭਾਰਤ ਵਿਚ ਪ੍ਰਵੇਸ਼ ਕਰਨ ਵਾਲੇ ਹਮਲਾਵਰਾਂ ਲਈ ਦਰਵਾਜ਼ਾ ਬਣਿਆ ਰਿਹਾ ਹੈ। ਇਥੇ ਸ਼ੁਰੂ ਤੋਂ ਹੀ ਅਫ਼ਗਾਨਿਸਤਾਨ ਰਾਹੀਂ ਵਿਦੇਸ਼ੀ ਹਮਲਾਵਰ ਹਮਲੇ ਕਰਦੇ ਰਹੇ ਹਨ। ਪਰ ਆਪਣੀ ਪ੍ਰਵਿਰਤੀ ਕਾਰਨ ਪੰਜਾਬੀਆਂ ਨੇ ਹਮੇਸ਼ਾਂ ਪੰਜਾਬ ਵਿੱਚ ਪ੍ਰਵੇਸ਼ ਕਰਨ ਵਾਲੇ ਹਮਲਾਵਰਾਂ ਨਾਲ ਦੋ-ਦੋ ਹੱਥ ਕੀਤੇ ਹਨ। ਜਿਸ ਕਾਰਨ ਇਤਿਹਾਸ ਵਿਚੋਂ ਪੰਜਾਬੀਆਂ ਦੇ ਸਫ਼ਲ ਕਿਸਾਨ ਹੋਣ ਦੇ ਹੀ ਨਹੀ ਬਲਕਿ ਤਕੜੇ ਸਿਪਾਹੀ ਹੋਣਦੇ ਵੀ ਪ੍ਰਮਾਣ ਮਿਲਦੇ ਹਨ। ਇਹਨਾਂ ਵਿਦੇਸ਼ੀ ਹਮਲਾਵਰਾਂ ਨੇ ਪੰਜਾਬ ਆਉਣ ਅਤੇ ਇਸ ਉਤੇ ਆਪਣਾ ਕਬਜ਼ਾ ਕਰਨ ਤੋਂ ਬਾਅਦ ਖੇਤੀ ਵੱਲ ਕੋਈ ਵਿਸ਼ੇਸ਼ ਧਿਅਨ ਨਹੀਂ ਦਿੱਤਾ। ਇਸ ਦਾ ਇਕ ਕਾਰਨ ਰਾਜਨੀਤਿਕ ਅਸਥਿਰਤਾ ਵਿਚ ਵੀ ਵੇਖਿਆ ਜਾ ਸਕਦਾ ਹੈ। ਸਿਕੰਦਰ ਦੇ ਹਮਲੇ ਤੋਂ ਬਾਅਦ ਚੰਦਰ ਗੁਪਤ ਮੌਰੀਆ ਹੀ ਅਜਿਹਾ ਪਹਿਲਾ ਸ਼ਾਸਕ ਸੀ ਜਿਸਨੇ ਪੰਜਾਬ ਵਿਚ ਆਪਣਾ ਸ਼ਕਤੀਸ਼ਾਲੀ ਰਾਜ ਕਾਇਮ ਕੀਤਾ, ਭਾਵੇਂ ਇਸਦੇ ਰਾਜ ਕਾਲ ਦੌਰਾਨ ਖੇਤੀ ਖੇਤਰ ਵਿਚ ਵਿਕਾਸ ਦੀ ਸੰਭਾਵਨਾਂ ਤਾਂ ਦ੍ਰਿਸ਼ਟੀਗੋਚਰ ਹੁੰਦੀ ਹੈ ਪਰ ਖੇਤੀ ਪੱਖੋਂ ਇਸਦੇ ਸ਼ਾਸਨ ਦੌਰਾਨ ਕਿਸਾਨੀ ਦੋ ਧਿਰਾਂ ਵਿਚ ਵੰਡੀ ਗਈ। ਇਕ ਪਾਸੇ ਵਡੇ ਭੂਮੀਪਤੀ ਸਨ ਅਤੇ ਦੂਜੇ ਪਾਸੇ ਥੋੜ੍ਹੀਆਂ ਜ਼ਮੀਨਾਂ ਦੇ ਮਾਲਿਕ ਛੋਟੇ ਕਿਸਾਨ ਭਾਵ ਜਾਗੀਰਦਾਰੀ ਵਿਵਸਥਾ ਦੇ ਚਿੰਨ੍ਹ ਇਸ ਗੁਪਤ ਕਾਲ ਦੌਰਾਨ ਹੀ ਪੰਜਾਬੀ ਸਮਾਜ ਵਿਚ ਪ੍ਰਵੇਸ਼ ਕਰਦੇ ਵੇਖੇ ਜਾ ਸਕਦੇ ਹਨ। ਗੁਪਤ ਕਾਲ ਤੋਂ ਬਾਅਦ ਜਾਗੀਰਦਾਰਾਂ ਵਿਚ ਜ਼ਮੀਨ ਦੀ ਮਾਲਿਕੀ ਲਈ ਲੜਾਈਆਂ ਦੀ ਸ਼ੁਰੂਆਤ ਹੁੰਦੀ ਹੈ। ਜਾਗੀਰਦਾਰ ਵੱਧ ਤੋਂ ਵੱਧ ਜ਼ਮੀਨ ਉਪਰ ਮਾਲਿਕੀ ਕਾਇਮ ਕਰਨਾ ਚਾਹੁੰਦੇ ਸਨ ਜਿਸ ਤਹਿਤ ਜ਼ਮੀਨ ਮਾਲਿਕੀ ਲਈ ਜਾਗੀਰਦਾਰਾਂ ਵਿਚ ਲੜਾਈ ਆਮ ਗੱਲ ਬਣ ਗਈ ਸੀ। ਇਸ ਸਮੇਂ ਜਾਗੀਰਦਾਰੀ ਦੇ ਠੀਕ ਤਰ੍ਹਾਂ ਵਿਕਸਿਤ ਹੋਣ ਲਈ ਕਿਸੇ ਸੂਝਵਾਨ ਸ਼ਾਸਕ ਦੀ ਲੋੜ ਸੀ ਪਰ ਯੋਗ ਸ਼ਾਸਕ ਦੀ ਅਣਹੋਂਦ ਵਿਦੇਸ਼ੀ ਹਮਲਾਵਰਾਂ ਨੂੰ ਭਾਰਤ ਵੱਲ ਖਿੱਚਦੀ ਰਹੀ ਜਿਸ ਕਾਰਨ ਸੱਤਵੀਂ ਸਦੀ ਦੇ ਸ਼ੁਰੂ ਵਿਚ ਪੰਜਾਬ ਉਪਰ ਮੁਸਲਮਾਨਾਂ ਦੇ ਹਮਲੇ ਹੋਣੇ ਸ਼ੁਰੂ ਹੋ ਗਏ। ਇਹਨਾਂ ਮੁਸਲਮਾਨ ਸ਼ਾਸਕਾਂ ਨੇ ਸਮੇਂ ਸਮੇਂ ਦੌਰਾਨ ਪੰਜਾਬ ਉਪਰ ਕਬਜ਼ਾ ਤਾਂ ਕਰ ਲਿਆ ਪਰ ਇਹ ਖੇਤੀ ਦੇ ਬੁਨਿਆਦੀ ਢੰਗਾਂ ਵਿਚ ਕੋਈ ਤਬਦੀਲੀ ਨਾ ਲਿਆ ਸਕੇ। ਇਸੇ ਸਮੇਂ ਦੌਰਾਨ ਹੀ 1419 ਈ ਵਿਚ ਸਾਰੰਗ ਦੀ ਅਗਵਾਈ ਹੇਠ ਕਿਸਾਨਾਂ ਦੀ ਬਗਾਵਤ ਹੋਈ। ਭਾਵੇਂ ਇਸ ਬਗਾਵਤ ਨੂੰ ਸਾਮੰਤਸ਼ਾਹੀ ਨੇ ਦਬਾ ਦਿਤਾ ਪਰ ਕਿਸਾਨਾਂ ਵਿਚ ਵਿਵਸਥਾ ਪ੍ਰਤੀ ਵਿਦਰੋਹ ਠੰਢਾ ਨਾ ਪਿਆ। ਇਹਨਾਂ ਸਮੇਂ-ਸਮੇਂ ਦੌਰਾਨ ਹੋਈਆਂ ਬਗਾਵਤਾਂ ਨੇ ਇਕ ਪਾਸੇ ਤਾਂ ਦੇਸ਼ ਵਿਚ ਅਸਥਿਰਤਾ ਫੈਲਾਈ ਜਿਸ ਕਾਰਨ ਪੰਜਾਬ ਦੀ ਖੇਤੀ ਨੂੰ ਬਹੁਤ ਨੁਕਸਾਨ ਪਹੁੰਚਿਆ। ਇਹਨਾਂ ਲੜਾਈਆਂ ਨੇ ਕਿਸਾਨਾਂ ਵਿਚ ਜੋਸ਼ ਅਤੇ ਹਿੰਮਤ ਨੂੰ ਖ਼ਤਮ ਕਰ ਦਿੱਤਾ ਜਿਸ ਕਾਰਨ ਉਹ ਧਾਰਮਿਕ ਕਰਮ ਕਾਂਡਾ, ਵਹਿਮਾਂ ਭਰਮਾ ਵਿਚ ਆਪਣੀ ਮੁਕਤੀ ਭਾਲਣ ਲੱਗੇ।

ਭਾਰਤ ਵਿਚ ਮੁਗਲਾਂ ਦੇ ਸ਼ਾਸਨ ਦੌਰਾਨ ਕੇਵਲ ਅਕਬਰ ਹੀ ਅਜਿਹਾ ਸ਼ਾਸਕ ਸੀ ਜਿਸਨੇ ਕਿਸਾਨੀ ਦੀ ਹਾਲਤ ਨੂੰ ਸੁਧਾਰਨ ਲਈ ਯਤਨ ਆਰੰਭੇ। ਅਕਬਰ ਦੇ ਪੰਜਾਹ ਸਾਲਾਂ ਰਾਜ ਦੌਰਾਨ ਖੇਤੀ ਵਿਚ ਬਹੁਤ ਵਿਕਾਸ ਹੋਇਆ। 'ਫ਼ਸਲ ਮਾੜੀ ਹੋਣ ਜਾ ਕੁਦਰਤੀ ਕਰੋਪੀ ਦਾ ਸ਼ਿਕਾਰ ਜਾਣ ਦੀ ਸੂਰਤ ਵਿਚ ਲਗਾਨ ਮੁਆਫ ਕਰ ਦਿੱਤਾ ਜਾਂਦਾ ਸੀ ਲੋੜ ਪੈਣ 'ਤੇ ਸਰਕਾਰ ਕਿਸਾਨਾਂ ਨੂੰ ਕਰਜ਼ੇ ਵੀ ਦਿੰਦੀ ਸੀ। ਹਲਵਾਹਕ ਜ਼ਮੀਨ ਦੇ ਮਾਲਿਕ ਬਣਾ ਦਿੱਤੇ ਸਨ ਉਹ ਆਪਣੀ ਜ਼ਮੀਨ ਨੂੰ

ਗਹਿਣੇ ਰੱਖ ਸਕਦੇ ਸਨ, ਕਿਸੇ ਨੂੰ ਦਾਨ ਦੇ ਸਕਦੇ ਸਨ, ਪਿਤਾ ਦੀ ਮੌਤ ਤੋਂ ਬਾਅਦ ਜ਼ਮੀਨ ਦੀ ਮਾਲਿਕੀ ਪੁੱਤਰ ਕੋਲ ਚਲੀ ਜਾਂਦੀ ਸੀ।'3 ਕਿਸਾਨੀ ਇਤਿਹਾਸ ਨੂੰ ਇਥੋਂ ਤੱਕ ਵਾਚਣ ਤੋਂ ਬਾਅਦ ਟੀ ਆਰ ਵਿਨੋਦ ਦੀ ਇਹ ਟਿੱਪਣੀ ਸਾਨੂੰ ਦਰੁਸਤ ਜਾਪਦੀ ਹੈ:

> ਪੰਜਾਬ ਵਿਚ ਅੰਗਰੇਜ਼ੀ ਸਾਮਰਾਜ ਦੇ ਪ੍ਰਵੇਸ਼ ਤੋਂ ਪਹਿਲਾਂ ਹੀ ਆਰੀਆਂ ਤੋਂ ਬਾਅਦ ਪ੍ਰਾਚੀਨ ਸਮੇਂ ਤੋਂ ਈਰਾਨੀ, ਯੂਨਾਨੀ, ਸ਼ੱਕ ਯੂਈ ਚੀ (ਕੁਸ਼ਣ), ਹੂਣ, ਤੁਰਕ, ਅਰਬ, ਪਠਾਣ, ਮੰਗੋਲ ਆਦਿ ਵਿਦੇਸ਼ੀ ਲੋਕ ਆਉਂਦੇ ਰਹੇ। ਉਨ੍ਹਾਂ ਵਿਚੋਂ ਕੁਝ ਨੇ ਪੰਜਾਬ ਉਤੇ ਸੈਂਕੜੇ ਵਰ੍ਹੇ ਰਾਜ ਵੀ ਕੀਤਾ। ਪੰਜਾਬ ਦੇ ਸੰਸਕ੍ਰਿਤਕ ਵਿਕਾਸ ਵਿਚ ਉਨ੍ਹਾਂ ਕੌਮਾਂ ਦੇ ਯੋਗਦਾਨ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਇਸ ਗੱਲ ਦੇ ਬਾਵਜੂਦ ਇਹ ਕੌਮਾਂ ਦੇ ਆਰੀਆ ਦੁਆਰਾ ਸਥਾਪਿਤ ਕੀਤੇ ਪੰਜਾਬ ਦੇ ਸਮਾਜਕ-ਸੰਸਕ੍ਰਿਤਕ ਸੰਗਠਨ ਵਿਚ ਕੋਈ ਮੂਲ ਪਰਿਵਰਤਨ ਲੈ ਆਉਣ ਦੀ ਸਮੱਰਥਾ ਨਹੀਂ ਰੱਖਦੀਆਂ। ਕਿਉਂਕਿ ਇਹ ਖੁਦ ਅਜੇ ਕ੍ਰਿਸ਼ੀ ਸੰਸਕ੍ਰਿਤੀ ਦੀਆਂ ਸਾਰੀਆਂ ਸੰਭਾਵਨਾਵਾਂ ਸਾਕਾਰ ਨਹੀ ਕਰ ਸਕੀਆਂ ਸਨ।"4

ਮੁਗਲਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਕਿਸਾਨੀ ਲਈ ਸਿਰਫ਼ ਮਾਨਸਿਕ ਤਸੱਲੀ ਤੱਕ ਹੀ ਸੀਮਤ ਰਿਹਾ ਭਾਵੇਂ ਸਾਰੇ ਇਤਿਹਾਸਕਾਰ ਰਣਜੀਤ ਸਿੰਘ ਨੂੰ ਇਕ ਯੋਗ ਸ਼ਾਸਕ ਦੇ ਰੂਪ ਵਿੱਚ ਵਿਅਕਤ ਕਰਦੇ ਹਨ ਪਰ ਰਣਜੀਤ ਸਿੰਘ ਆਪਣੇ ਰਾਜ ਸਮੇਂ ਖੇਤੀ ਢਾਂਚੇ ਵਿੱਚ ਕੋਈ ਤਬਦੀਲੀ ਨਾ ਲਿਆ ਸਕਿਆ 'ਸਗੋਂ ਢਾਂਚਾ ਤੇ ਲਗਾਨ ਪ੍ਰਬੰਧ ਮੁਗਲ ਸ਼ਾਸਕਾਂ ਦੀਆਂ ਚਲਾਈਆਂ ਲੀਹਾਂ ਤੇ ਹੀ ਚਲਦਾ ਰਿਹਾ'। [5] 1839 ਈ: ਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਅੰਦਰ ਯੁਗਗਰਦੀ ਦਾ ਦੌਰ ਸ਼ੁਰੂ ਹੁੰਦਾ ਹੈ। 1849 ਈ: ਨੂੰ ਅੰਗਰੇਜ਼ਾਂ ਨੇ ਪੰਜਾਬ ਨੂੰ ਜਿੱਤ ਕੇ ਆਪਣੇ ਅਧੀਨ ਕਰ ਲਿਆ ਅਤੇ ਪੰਜਾਬ ਦੀ ਆਪਣੀ ਸੁਤੰਤਰਤਾ ਖਤਮ ਹੋ ਗਈ। ਅੰਗਰੇਜ਼ਾਂ ਦਾ ਭਾਰਤ ਉਪਰ ਅਧਿਕਾਰ ਕਰਨ ਦਾ ਇਕੋ ਇਕ ਮਕਸਦ ਇਸਨੂੰ ਕੱਚੇ ਮਾਲ ਦੀ ਮੰਡੀ ਵਜੋਂ ਵਰਤਣਾ ਸੀ ਪਰ ਦੂਜੇ ਪਾਸੇ ਉਹ ਆਪਣੇ ਤਿਆਰ ਮਾਲ ਨੂੰ ਵੀ ਭਾਰਤ ਵਿਚ ਵੇਚਣਾ ਚਾਹੁੰਦੇ ਸਨ ਇਸ ਲਈ ਉਹਨਾਂ ਉਦਯੋਗਿਕ ਵਿਕਾਸ ਉਪਰ ਕੋਈ ਧਿਆਨ ਦਿਤੇ ਬਗੈਰ ਖੇਤੀ ਖੇਤਰ ਦੇ ਵਿਕਾਸ ਲਈ ਕਈ ਯੋਜਨਾਵਾਂ ਆਰੰਭ ਕੀਤੀਆਂ। ਉਦਯੋਗਿਕ ਖੇਤਰ ਦੇ ਵਿਕਾਸ ਨਾਲ ਉਹਨਾਂ ਨੂੰ ਆਪਣਾ ਤਿਆਰ ਮਾਲ ਭਾਰਤੀ ਮੰਡੀ ਵਿਚ ਮੁਕਾਬਲੇ ਦੀ ਦਰ ਉੱਤੇ ਵੇਚਣਾ ਪੈਣਾ ਸੀ। ਇਸ ਲਈ ਉਹਨਾਂ ਨੇ ਖੇਤੀ ਖੇਤਰ ਦੇ ਵਿਕਾਸ ਵਲ ਵਿਸ਼ੇਸ਼ ਧਿਆਨ ਦਿੱਤਾ। ਇਕ ਪਾਸੇ ਤਾਂ ਖੇਤੀ ਖੇਤਰ ਤੋਂ ਉਹਨਾਂ ਨੂੰ ਕੱਚਾ ਮਾਲ ਘਟ ਦਰ ਉਪਰ ਉਪਲਬਧ ਹੋ ਜਾਂਦਾ ਸੀ। ਦੂਜਾ ਮਾਲ ਵੇਚਕੇ ਕਿਸਾਨਾਂ ਦਾ ਜੀਵਨ ਪੱਧਰ ਉਚਾ ਹੁੰਦਾ ਸੀ ਜਿਸਨੂੰ ਉਹ ਅਸਿੱਧੇ ਢੰਗ ਨਾਲ ਆਪਣੇ ਤਿਆਰ ਮਾਲ ਲਈ ਮੰਡੀ ਵਜੋਂ ਵਰਤਦੇ ਸਨ। ਪਰ ਕਿਸਾਨਾਂ ਪ੍ਰਤੀ ਅੰਗਰੇਜ਼ੀ ਹਕੂਮਤ ਦਾ ਇਹ ਨਜ਼ਰੀਆ ਜਲਦੀ ਹੀ ਬਦਲ ਗਿਆ ਅਤੇ ਅੰਗਰੇਜ਼ਾਂ ਨੇ ਖੇਤੀ ਉਪਰ ਕਈ ਤਰ੍ਹਾਂ ਦੇ ਟੈਕਸ ਲਾਉਂਣੇ ਸ਼ੁਰੂ ਕਰ ਦਿੱਤੇ। ਦੂਸਰੇ ਸੰਸਾਰ ਯੁੱਧ ਸਮੇਂ ਅੰਗਰੇਜ਼ਾਂ ਨੂੰ ਲੜਨ ਲਈ ਧਨ ਅਤੇ ਤਨ ਦੋਵਾਂ ਦੀ ਹੀ ਜ਼ਰੂਰਤ ਸੀ ਧਨ ਨੂੰ ਉਹ ਟੈਕਸਾਂ ਦੁਆਰਾ ਇੱਕਠਾ ਕਰਦੇ ਸਨ ਅਤੇ ਤਨ ਭਾਵ ਕਿਸਾਨਾਂ ਨੂੰ ਅੰਗਰੇਜ਼ੀ ਫੌਜ ਵਿਚ ਭਰਤੀ ਕਰਨ ਲਈ ਕਈ ਤਰ੍ਹਾਂ ਦੇ ਲਾਲਚ ਦਿੰਦੇ ਸਨ। ਇਸ ਪਿਛੇ ਇਹ ਪ੍ਰਵਿਰਤੀ ਕੰਮ ਕਰਦੀ ਸੀ ਕਿ ਪੰਜਾਬੀ ਮੁਢ ਤੋਂ ਹੀ ਜੁਸੇ ਪੱਖੋਂ ਤਕੜੇ ਅਤੇ ਦਲੇਰ ਸਨ ਅੰਗਰੇਜ਼ੀ ਹਕੂਮਤ ਪੰਜਾਬੀਆਂ ਦੀ ਇਸ ਦਲੇਰੀ ਅਤੇ ਤਾਕਤ ਦਾ ਪੂਰਾ ਫਾਇਦਾ ਉਠਾਉਣਾ ਚਾਹੁੰਦੀ ਸੀ।

ਬਰਤਾਨਵੀ ਸਰਕਾਰ ਦਾ ਅੰਗਰੇਜ਼ੀ ਕਾਨੂੰਨ ਅਜਿਹਾ ਸੀ ਜੋ ਹਮੇਸ਼ਾ ਹੀ ਸ਼ਾਹੂਕਾਰਾਂ ਦੇ ਹੱਕ ਵਿਚ ਭੁਗਤ ਜਾਂਦਾ ਸੀ ਜਿਸ ਤਹਿਤ ਸ਼ਾਹੂਕਾਰਾਂ ਨੇ ਕਿਸਾਨਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ। ਅਨਪੜ੍ਹਤਾ ਨੇ ਕਿਸਾਨਾਂ ਨੂੰ ਸ਼ਾਹੂਕਾਰਾਂ ਦੇ ਰਹਿਮੋ ਕਰਮ 'ਤੇ ਰਹਿਣ ਲਈ ਮਜ਼ਬੂਰ ਕਰ ਦਿੱਤਾ। ਵਿਆਜ ਦਰ ਵਿਆਜ ਵਸੂਲ ਕਰਕੇ ਥੋੜ੍ਹੇ ਸਮੇਂ ਵਿਚ ਹੀ ਨਾ ਮੋੜੀ ਜਾਣ ਵਾਲੀ ਰਕਮ ਦਾ ਇਕੱਠਾ ਹੋਣਾ ਅੰਗਰੇਜ਼ੀ ਰਾਜ ਵਿਚ ਆਮ ਹੋ ਗਿਆ। ਫ਼ਸਲ ਪੱਕਣ ਤੋਂ ਪਹਿਲਾਂ ਹੀ ਸ਼ਾਹੂਕਾਰਾਂ ਦੀ ਹੋ ਜਾਂਦੀ ਸੀ। 1947 ਵਿਚ ਭਾਰਤ ਆਜ਼ਾਦ ਹੋ ਗਿਆ। ਆਜ਼ਾਦੀ ਤੋਂ ਬਾਅਦ ਸੱਠਵੇਂ ਦਹਾਕੇ ਦੇ ਅੰਤ ਵਿਚ ਅਤੇ ਸੱਤਰਵੇ ਦਹਾਕੇ ਦੇ ਸ਼ੁਰੂ ਵਿਚ ਜ਼ਮੀਨੀ ਸੁਧਾਰਾਂ ਉਪਰ ਜ਼ੋਰ ਦੇਣ ਦੀ ਬਜਾਏ ਸਰਕਾਰ ਨੇ ਪੈਦਾਵਾਰ ਦੇ ਤਕਨੀਕੀ ਢੰਗ ਦੀ ਵਰਤੋ ਕਰਕੇ ਪੈਦਾਵਾਰ ਨੂੰ ਵਧਾਉਣ ਦੀਆਂ ਕੋਸ਼ਿਸ਼ਾਂ ਨੂੰ ਆਰੰਭਿਆ। ਇਹਨਾਂ ਕੋਸ਼ਿਸ਼ਾਂ ਦਾ ਨਤੀਜਾ ਹੀ 'ਹਰਾ ਇਨਕਲਾਬ' ਸੀ। ਪਰ ਇਹ ਹਰਾ ਇਨਕਲਾਬ ਜੋ ਅਮਰੀਕੀ ਸਾਮਰਾਜੀ ਨੀਤੀ ਦਾ ਹੀ ਇੱਕ ਸੋਚਿਆ ਸਮਝਿਆ ਪਲਾਨ ਸੀ ਸਿਰਫ਼ ਦੋ ਫਸਲਾਂ ਤੱਕ (ਕਣਕ ਅਤੇ ਝੋਨਾ) ਹੀ ਸੀਮਤ ਰਹਿੰਦਾ ਹੈ। ਇਸ ਹਰੇ ਇਨਕਲਾਬ ਦੇ ਕਾਰਨ ਪੰਜਾਬ ਦਾ ਖੇਤੀ ਅਰਥਚਾਰਾ ਸਰਮਾਏਦਾਰੀ ਖੇਤੀ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸਦੇ ਕਾਰਨ ਜਮੀਨੀ ਸੰਬੰਧਾਂ ਦਾ ਪੂੰਜਾਵਾਦੀ ਸੰਬੰਧਾਂ ਵਿਚ ਰੂਪਾਂਤਰਣ ਹੋਣਾ ਨਿਸ਼ਚਿਤ ਹੋ ਗਿਆ। ਖੇਤੀ ਦੇ ਵਿਕਾਸ ਕੰਮਾ ਲਈ ਪੂੰਜੀ ਦੀ ਵਰਤੋਂ ਅਤੇ ਪੂੰਜੀ ਦੇ ਇਕੱਤਰੀਕਰਨ ਲਈ ਪੰਜਾਬ ਦੀ ਕਿਸਾਨੀ ਵਿਚ ਦੌੜ ਲਗ ਗਈ ਇਸ ਕਾਰਨ ਛੋਟੇ ਕਿਸਾਨ ਪ੍ਰੋਲਤਾਰੀ ਵਰਗ ਵਿਚ ਤਬਦੀਲ ਹੋਣੇ ਸ਼ੁਰੂ ਹੋ ਗਏ।

ਹਰੇ ਇਨਕਲਾਬ ਨੇ ਬੇਸ਼ਕ ਖੇਤੀ ਦੀ ਪੈਦਾਵਾਰ ਵਿਚ ਹੈਰਾਨੀਜਨਕ ਵਾਧਾ ਕੀਤਾ ਪਰ ਇਸ (ਹਰੇ ਇਨਕਲਾਬ) ਨੇ ਇਕ ਨਵੀਂ ਕਿਸਮ ਦੀ ਅਰਥ ਵਿਵਸਥਾ ਦਾ ਨਿਰਮਾਣ ਕਰ ਦਿਤਾ ਅਤੇ ਇੱਕ ਨਵਾਂ ਸਭਿਆਚਾਰ ਆਪਣੀ ਹੋਂਦ ਗ੍ਰਹਿਣ

ਕਰ ਗਿਆ। ਜਿਸ ਤਹਿਤ ਹਰ ਵਿਅਕਤੀ ਨੇ ਆਪਣੇ ਖਰਚੇ ਵਿਚ ਵਾਧਾ ਕਰ ਦਿੱਤਾ। ਵਿਅਕਤੀ ਨੂੰ ਹਰ ਮਹਿੰਗੀ ਵਸਤੂ ਚਾਹੇ ਉਹ ਫਜ਼ੂਲ ਹੀ ਕਿਉਂ ਨਾ ਹੋਵੇ ਆਪਣੀ ਜਰੂਰਤ ਜਾਪਣ ਲਗ ਪਈ। ਪੰਜਾਬੀ ਸਮਾਜ ਵੀ ਇਸ ਉਪਭੋਗੀ ਕਲਚਰ ਤੋਂ ਬਚ ਨਾ ਸਕਿਆ। ਵਡੇ ਕਿਸਾਨਾਂ ਦੇ ਜੀਵਨ ਪੱਧਰ ਵਿੱਚ ਇਸ ਕਲਚਰ ਨੇ ਉਨੱਤੀ ਲੈ ਆਂਦੀ ਪਰ ਛੋਟੇ ਕਿਸਾਨਾਂ ਦੁਆਰਾ ਇਸਨੂੰ ਅਪਣਾਉਣ ਨਾਲ ਉਹਨਾਂ ਉਤੇ ਕਰਜ਼ੇ ਦਾ ਭਾਰ ਵਧ ਗਿਆ। ਸਰਕਾਰੀ ਅਨੁਮਾਨ ਅਨੁਸਾਰ 2003 ਤੱਕ ਪੰਜਾਬ ਦੀ ਕਿਸਾਨੀ ਸਿਰ ਲਗਭਗ 13000 ਕਰੋੜ ਦਾ ਕਰਜ਼ਾ ਸੀ। ਜਿਸ ਤਹਿਤ ਵਪਾਰਕ ਬੈਂਕਾਂ ਦਾ ਕਰਜ਼ਾ 1655 ਕਰੋੜ ਰੁਪਏ ਸਹਿਕਾਰੀ ਬੈਂਕਾਂ ਦਾ 1572 ਕਰੋੜ ਰੁਪਏ ਹੈ। 2005 ਵਿਚ ਪੰਜਾਬ ਦੀ ਕਿਸਾਨੀ ਸਿਰ 22000 ਕਰੋੜ ਰੁਪਏ ਦਾ ਕਰਜ਼ਾ ਸੀ। ਜੇਕਰ ਸਮਕਾਲੀ ਸਮੇਂ ਦੌਰਾਨ ਇਹਨਾਂ ਆਂਕੜਿਆਂ ਦਾ ਮੁਲਾਂਕਣ ਕਰੀਏ ਤਾਂ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਉਂਦੇ ਹਨ। (ਹੋਰ ਬਹੁਤ ਸਾਰੇ ਅੰਕੜੇ ਪ੍ਰਾਪਤ ਹਨ ਜਿਨ੍ਹਾਂ ਦਾ ਵੇਰਵਾ ਇਥੇ ਸੰਭਵ ਨਹੀ) ਇਹਨਾਂ ਸਾਰੇ ਅੰਕੜਿਆਂ ਤੋਂ ਇਕ ਗੱਲ ਬਹੁਤ ਚੰਗੀ ਤਰ੍ਹਾਂ ਸੱਪਸ਼ਟ ਹੋ ਜਾਂਦੀ ਹੈ ਕਿ ਪੰਜਾਬ ਦੀ ਕਿਸਾਨੀ ਬਹੁਤ ਬੁਰੇ ਤਰੀਕੇ ਨਾਲ ਕਰਜ਼ੇ ਦੇ ਚੱਕਰਵਿਊ ਵਿਚ ਫਸ ਚੁੱਕੀ ਹੈ।

ਵਿਸ਼ਵੀਕਰਨ ਉਦਾਰੀਕਰਨ ਅਤੇ ਮੰਡੀਕਰਨ ਦੀ ਆਰਥਿਕ ਨੀਤੀ ਨੇ ਵੀ ਪੰਜਾਬ ਦੀ ਖੇਤੀਬਾੜੀ ਉਤੇ ਨਕਾਰਾਤਮਕ ਅਸਰ ਹੀ ਪਾਇਆ ਹੈ ਇਸਦਾ ਕਾਰਨ ਜ਼ਮੀਨ ਵੰਡ ਪ੍ਰਣਾਲੀ ਵਿਚ ਲੱਭਿਆ ਜਾ ਸਕਦਾ ਹੈ। ਪੰਜਾਬ ਵਿਚ ਉਹਨਾਂ ਕਿਸਾਨਾਂ ਦੀ ਗਿਣਤੀ ਬਹੁਤ ਘਟ ਹੈ ਜੋ ਪੂੰਜੀ ਇਕੱਠੀ ਕਰਨ ਦੇ ਸਮਰੱਥ ਹੋਣ। ਵਪਾਰ ਦੀਆਂ ਸ਼ਰਤਾਂ ਵੀ ਖੇਤੀਬਾੜੀ ਸੈਕਟਰ ਦੇ ਵਿਰੁੱਧ ਹੋਣ ਕਾਰਨ ਵਿਸ਼ਵੀਕਰਨ ਅਤੇ ਉਦਾਰੀਕਰਨ ਦਾ ਫਾਇਦਾ ਕਿਸਾਨ ਨਹੀ ਲੈ ਸਕੇ। ਕਣਕ ਅਤੇ ਝੋਨੇ ਦੀ ਚੱਕਰੀ ਖੇਤੀ ਕਾਰਨ ਇੱਕ ਤਾਂ ਵਾਤਾਵਰਣ ਉਤੇ ਮਾੜੇ ਪ੍ਰਭਾਵ ਪੈ ਰਹੇ ਹਨ ਦੂਜਾ ਜ਼ਮੀਨਾਂ ਦੀ ਉਤਪਾਦਨ ਸਮਰਥਾ ਵੀ ਘਟ ਰਹੀ ਹੈ। ਜਿਸ ਕਾਰਨ ਖੇਤੀ ਉਪਰ ਲਾਗਤ ਵਧ ਗਈ ਹੈ ਇਸ ਚੱਕਰ ਦਾ ਸਭ ਤੋਂ ਜ਼ਿਆਦਾ ਮਾੜਾ ਪ੍ਰਭਾਵ ਛੋਟੀ ਅਤੇ ਦਰਮਿਆਨੀ ਕਿਸਾਨੀ ਉਤੇ ਪਿਆ ਹੈ। ਇਹਨਾਂ ਕਿਸਾਨਾਂ ਲਈ ਖੇਤੀ ਹੁਣ ਕੋਈ ਬਹੁਤੀ ਲਾਹੇਵੰਦ ਨਹੀ ਰਹੀ ਪਰ ਨੌਕਰੀ ਕਰਨ ਲਈ ਇਹਨਾ ਲੋਕਾਂ ਕੋਲ ਕੋਈ ਯੋਗਤਾ ਵੀ ਨਹੀਂ ਹੈ ਜਿਸ ਕਾਰਨ ਇਹਨਾ ਕਿਸਾਨੀ ਵਰਗਾਂ ਉਪਰ ਕਰਜ਼ੇ ਦਾ ਭਾਰ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਮਜਬੂਰੀ ਵਸ ਇਹਨਾਂ ਨੇ ਆਤਮਹੱਤਿਆ ਦੇ ਰਸਤੇ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਹੈ। "ਆਤਮਹੱਤਿਆ ਦੇ ਇਸ ਦੌਰ ਵਿਚ 1993 ਤੋਂ ਬਾਅਦ ਤੇਜ਼ੀ ਆਈ ਅਤੇ 1995 ਅਤੇ 1996 ਵਿਚ ਇਹ ਭਿਆਨਕ ਹਾਦਸੇ ਆਪਣੇ ਸ਼ਿਖਰ ਉਪਰ ਪਹੁੰਚ ਗਏ (ਜੋ ਹੁਣ ਤੱਕ ਜਾਰੀ ਹਨ) ਖੇਤੀ ਦੇ ਇਸ ਬੇਮਿਸਾਲ ਸੰਕਟ ਦੇ ਹੱਲ ਵਾਸਤੇ ਸਰਕਾਰ ਵਲੋਂ ਕੋਈ ਠੋਸ ਨੀਤੀ ਨੂੰ ਨਾ ਅਪਣਾਉਣ ਅਤੇ ਕਿਸੇ ਕਾਰਗਰ ਦਖਲ ਅੰਦਾਜ਼ੀ ਤੋਂ ਗੁਰੇਜ਼ ਕਰਨਾ ਵਿਸ਼ਵੀਕਰਨ ਅਤੇ ਉਦਾਰੀਕਰਨ ਦੀ ਆਰਥਿਕ ਨੀਤੀ ਦਾ ਹੀ ਨਤੀਜਾ ਹੈ।"6

ਕਿਸੇ ਸਮੇਂ ਕਿਸਾਨ ਬਾਰੇ ਇਹ ਧਾਰਨਾ ਕਾਫੀ ਪ੍ਰਚਲਿਤ ਸੀ ਕਿ ਜੱਟ ਭੁੱਖਾ ਮਰ ਜਾਵੇਗਾ ਪਰ ਦਿਹਾੜੀ ਨਹੀ ਕਰੇਗਾ। ਕਿਸਾਨੀ ਦੇ ਮੌਜੂਦਾ ਸੰਕਟ ਨੇ ਜੱਟ ਦੀ ਉਪਰੋਕਤ ਧਾਰਨਾ ਨੂੰ ਬਿਲਕੁਲ ਝੁਠਲਾ ਦਿੱਤਾ ਹੈ ਅੱਜ ਆਰਥਿਕ ਸੰਕਟ ਤੇ ਸ਼ਿਕਾਰ ਕਿਸਾਨ ਲੇਬਰ ਚੌਂਕ ਵਿੱਚ ਦੂਜੀਆਂ ਜਾਤਾਂ ਨਾਲ ਖੜ੍ਹੇ ਕੰਮ ਲੱਭਦੇ ਵੇਖੇ ਜਾ ਸਕਦੇ ਹਨ, ਆਪਣੇ ਆਰਥਿਕ ਸੰਕਟ ਕਾਰਨ ਇਹ ਕਿਸਾਨ ਕਦੇ ਫੌਜ ਵੱਲ ਨੂੰ ਆਪਣਾ ਰੁਖ ਕਰ ਲੈਂਦਾ ਹੈ ਅਤੇ ਕਦੇ ਡਰਾਈਵਰ ਦੇ ਰੂਪ ਨੂੰ ਧਾਰ ਲੈਂਦਾ ਹੈ। ਸਮਕਾਲੀ ਸਮੇਂ ਦੌਰਾਨ ਜੋ ਰੁਝਾਨ ਕਿਸਾਨਾਂ ਵਿਚ ਵੇਖਣ ਨੂੰ ਮਿਲਦਾ ਹੈ ਉਹ ਰੁਜ਼ਗਾਰ ਲਈ ਵਿਦੇਸ਼ ਚਲੇ ਜਾਣ ਦਾ ਹੈ। ਪਤਾ ਨਹੀ ਹੋਰ ਕਿੰਨਾਂ ਸਮਾਂ ਕਿਸਾਨ ਆਪਣੇ ਇਸ ਭੇਸ ਬਦਲਣ ਤਹਿਤ ਆਪਣੀਆਂ ਆਰਥਿਕ ਸਥਿਤੀਆਂ ਨੂੰ ਬਦਲਣ ਦੀ ਕੋਸ਼ਿਸ਼ ਕਰਦਾ ਰਹੇਗਾ।

ਖੇਤੀ ਦੇ ਅਵਿਕਸਤ ਆਰਥਿਕ ਢਾਂਚੇ ਅਤੇ 'ਹਰੇ ਇਨਕਲਾਬ' ਦੇ ਨਾਂ ਵਾਲੀ ਨਵੀਂ ਤਕਨੀਕ ਦੀ ਖੇਤੀ ਕਾਰਨ ਪੰਜਾਬ ਵਿਚ ਕਈ ਸਮਾਜਿਕ, ਆਰਥਿਕ, ਸਭਿਆਚਾਰਕ, ਧਾਰਮਿਕ ਅਤੇ ਸਿਆਸੀ ਤਲਖੀਆ ਸਮੇਂ-ਸਮੇਂ ਅਨੁਸਾਰ ਜਨਮ ਲੈਦੀਆਂ ਰਹੀਆਂ ਹਨ ਸਮਕਾਲੀ ਸਮੇਂ ਦੌਰਾਨ ਕਿਸਾਨੀ ਦਾ ਆਰਥਿਕ ਸੰਕਟ ਲਗਾਤਾਰ ਹੋਰ ਗਹਿਰਾਉਂਦਾ ਜਾ ਰਿਹਾ ਹੈ ਅਤੇ ਕਿਸਾਨੀ ਜਮਾਤ ਆਪਣੀ ਹੋਂਦ ਨੂੰ ਬਣਾਈ ਰੱਖਣ ਲਈ ਛਟਪਟਾਉਂਦੀ ਨਜ਼ਰ ਆ ਰਹੀ ਹੈ।

ਹਵਾਲੇ:-


(1) ਰਵਿੰਦਰ ਸਿੰਘ ਰਵੀ, ਭਾਰਤੀ ਸਭਿਆਚਾਰ ਨੂੰ ਪੰਜਾਬ ਦੀ ਦੇਣ, ਭਾਸ਼ਾ ਵਿਭਾਗ ਪਟਿਆਲਾ ਦੁਆਰਾ ਆਯੋਜਿਤ ਗੋਸ਼ਟੀ ਵਿਚ 1986 ਵਿਚ ਲਖਨਊਵਿਖੇ ਪੜ੍ਹਿਆ ਗਿਆ ਖੋਜ-ਪੱਤਰ, ਪੰਨਾ-9

(2) Paul Masson our self and others, Ancient India and Indian Civilization, P-107.

(3) Bakhshish Singh Nijjar, Punjab Under the Great Mughal P-119.

(4) ਟੀ.ਆਰ.ਵਿਨੋਦ, ਸੰਸਕ੍ਰਿਤੀ ਅਤੇ ਪੰਜਾਬੀ ਸੰਸਕ੍ਰਿਤੀ, ਪੰਨਾ-97।

(5) Master Hari Singh, Agrariain Scene in British Punjab, P7

(6) ਸੁੱਚਾ ਸਿੰਘ ਗਿੱਲ, ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬੀ ਸਮਾਜ ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬ (ਸੰਪਾ, ਪ੍ਰਕਾਸ਼ ਸਿੰਘ ਜੰਮੂ) ਪੰਨਾ-121.


98151-99274



693423